# ਮੇਰਾ ਸਕੂਲ ਦਾ ਬੈਗ

ਮੇਰੇ ਪਾਪਾ ਲਿਆਏ ਬੈਗ।
ਵੇਖੋ ਲਮਕਦਾ ਨਾਲ ਟੈਗ।
ਕਾਪੀ ਪੈਨਸਿਲ ਇਸ ਵਿੱਚ ਰੱਖਾਂ।
ਚੀਂਜੀ ਵਾਲੀ ਡੱਬੀ ਮੈਂ ਰੱਖਾਂ।
ਇਸ ਨੂੰ ਲੈ ਕੇ ਸਕੂਲੇ ਜਾਵਾਂ।
ਮੈਡਮ ਜੀ ਨੂੰ ਫ਼ਤਿਹ ਬੁਲਾਵਾਂ।



# ਮੇਰੀ ਮਾਂ

ਇਹ ਹੈ ਮੇਰੀ ਪਿਆਰੀ ਮਾਂ,
ਸਾਰੇ ਜੱਗ ਤੋਂ ਨਿਆਰੀ ਮਾਂ।
ਢਾਲ ਬਣ ਜਾਂਦੀ ਹੈ ਦੁੱਖ ਦੇ ਅੱਗੇ,
ਉਸਦੇ ਹੁੰਦਿਆਂ ਮੈਨੂੰ ਤੱਤੀ ਹਵਾ ਵੀ ਨਾ ਲੱਗੇ।
ਲੋਕੋ ਰੱਬ ਦੀ ਪੂਜਾ ਮਾਂ ਦੀ ਪੂਜਾ,
ਮਾਂ ਜਿਹਾ ਨਾ ਜੱਗ ਵਿੱਚ ਕੋਈ ਦੂਜਾ।



# ਮੋਟੂ ਸ਼ਾਹ ਜੀ

ਮੋਟੂ ਸ਼ਾਹ ਜੀ ਕਰ ਰਹੇ ਸੀ ਸੈਰ,
ਕੇਲੇ ਦੇ ਛਿਲਕੇ ਤੋਂ ਤਿਲਕ ਗਿਆ ਪੈਰ।
ਦਰਦ ਦੇ ਮਾਰੇ ਸ਼ਾਹ ਜੀ ਦੀ ਨਿਕਲੀ ਚੀਕ,
ਭੁਲਣੀ ਨਹੀਂ ਸ਼ਾਹ ਜੀ ਨੂੰ ਉਹ ਤਰੀਕ।



## ਫ਼ਲ

ਜੇ ਕਦੀ ਨਹੀਂ ਹੋਣਾ ਬਿਮਾਰ,
ਖਾਣਾ ਚੀਕੂ, ਸੇਬ ਤੇ ਅਨਾਰ।
ਅੰਬ, ਸੰਤਰਾ, ਅੰਗੂਰ ਹੋਣ ਮਿੱਠੇ
ਚੀਜ਼ਾਂ ਚੰਗੀਆਂ ਨੇ ਬੇ-ਸ਼ੁਮਾਰ।



# ਅਰਦਾਸ

ਹੇ ਦਾਤਾ ਹੇ ਕ੍ਰਿਪਾ ਨਿਧਾਨ।
ਸਾਨੂੰ ਦਿਓ ਵਿਦਿਆ ਦਾ ਦਾਨ।
ਬੱਚੇ ਹਾਂ ਅਸੀਂ ਤੇਰੇ ਪਿਆਰੇ।
ਮਿਲ-ਜੁਲ ਕੇ ਅਸੀਂ ਰਹੀਏ ਸਾਰੇ।



# ਤੋਤਾ

ਮਿੱਠੂ ਮੇਰਾ ਤੋਤਾ ਹੈ,
ਟਹਿਣੀ ਉੱਤੇ ਖਲੋਤਾ ਹੈ।
ਲਾਲ ਮਿਰਚ ਜਦ ਖਾਂਦਾ ਹੈ,
ਰਾਮ-ਰਾਮ ਫਿਰ ਇਹ ਗਾਉਂਦਾ ਹੈ।



# ਤਿੱਤਲੀ

ਫੁੱਲਾਂ ਤੇ ਮੰਡਲਾਉਂਦੀ ਤਿੱਤਲੀ,
ਰੌਲਾ ਕਦੇ ਨਾ ਪਾਉਂਦੀ ਤਿੱਤਲੀ।
ਸਭ ਦਾ ਜੀਅ ਪਰਚਾਉਂਦੀ ਤਿੱਤਲੀ,
ਮਨ ਨੂੰ ਲਗਦੀ ਪਿਆਰੀ ਪਿਆਰੀ।
ਰੌਲਾ ਕਦੇ ਨਾ ਪਾਉਂਦੀ ਤਿੱਤਲੀ,
ਫੁੱਲਾਂ ਤੇ ਮੰਡਲਾਉਂਦੀ ਤਿੱਤਲੀ।



# ਕੋਇਲ

ਵੇਖੋ ਬੱਚਿਓ ਕੋਇਲ ਗਾਉਂਦੀ।
ਮਿੱਠਾ ਮਿੱਠਾ ਗੀਤ ਸੁਣਾਉਂਦੀ।
ਹੁੰਦੀ ਕਾਲੇ ਰੰਗ ਦੀ ਕੋਇਲ,
ਰਹਿੰਦੀ ਸੰਗਦੀ ਸੰਗਦੀ ਕੋਇਲ।
ਪੱਤਿਆਂ ਦੇ ਵਿਚ ਲੁਕ-ਲੁਕ ਬਹਿੰਦੀ,
ਕੂ-ਹੂ, ਕੂ-ਹੂ ਕਰਦੀ ਇਹ ਰਹਿੰਦੀ।



# ਤਾਰੇ

ਨਿੱਕੇ-ਨਿੱਕੇ, ਪਿਆਰੇ ਪਿਆਰੇ।
ਹਨੇਰੇ ਵਿਚ ਚਮਕਣ ਤਾਰੇ।
ਚਿੱਟਾ ਹਾਸਾ ਹੱਸਦੇ ਸਾਰੇ।
ਬਾਂਟਿਆਂ ਵਾਂਗਰ ਰੱਬ ਨੇ ਖਿਲਾਰੇ।



# ਘੜੀ

ਟਿੱਕ ਟਿੱਕ ਕਰਦੀ ਘੜੀ ਦਰਸਾਵੇ,
ਸਮਾਂ ਪਲੌਂ-ਪਲ ਬੀਤਦਾ ਜਾਵੇ,
ਜੋ ਨਾ ਚਲੇ ਸਮੇਂ ਦੇ ਨਾਲ,
ਸਦਾ ਸਦਾ ਲਈ ਉੱਹ ਪਛਤਾਵੇ।





# ਮੋਰ

ਉਠਦਾ ਬਹਿੰਦਾ ਨੱਚਦਾ ਮੋਰ,
ਦਿਲ ਦੀ ਗੱਲ ਨਾ ਦਸਦਾ ਮੋਰ।
ਦੂਰ ਜਦ ਕਿਤੇ ਬੱਦਲ ਗੱਜਣ,
ਝਟਪਟ ਰੌਲਾ ਪਾਉਂਦਾ ਮੋਰ।
ਰੰਗ-ਬਰੰਗੇ ਖੰਭਾਂ ਕਰਕੇ,
ਕਿੰਨਾ ਸੋਹਣਾ ਇਹ ਲਗਦਾ ਮੋਰ।



# ਇੱਕ, ਦੋ, ਤਿੰਨ ਚਾਰ

ਇਕ, ਦੋ, ਤਿੰਨ, ਚਾਰ,
ਮੰਮੀ-ਪਾਪਾ ਗਏ ਨੇ ਬਜ਼ਾਰ।
ਪੰਜ, ਛੇ, ਸੱਤ, ਅੱਠ,
ਕਰ ਲਓ ਪਾਠ ਤੁਸੀਂ ਸਾਰਾ ਕੰਠ।
ਇਸ ਤੋਂ ਅੱਗੇ ਨੌਂ ਤੇ ਦੱਸ,
ਹੋ ਗਈ ਗਿਣਤੀ ਪੂਰੀ ਬਸ।



# ਮੇਰਾ ਦੇਸ਼ ਮਹਾਨ

ਮੇਰਾ ਭਾਰਤ ਦੇਸ਼ ਪਿਆਰਾ,
ਸਭ ਤੋਂ ਸੋਹਣਾ, ਸਭ ਤੋਂ ਨਿਆਰਾ।
ਸਾਰੇ ਜੱਗ ਵਿੱਚ ਇਸਦੀ ਸ਼ਾਨ ਨਿਰਾਲੀ।
ਚਾਰੇ-ਪਾਸੇ ਦਿਸਦੀ ਹੈ ਹਰਿਆਲੀ।
ਗੰਗਾ ਤੇ ਯਮੁਨਾ ਦੀ ਵਗਦੀ ਧਾਰਾ,
ਮੇਰਾ ਭਾਰਤ ਦੇਸ਼ ਪਿਆਰਾ।



# ਅੱਕੜ-ਬੱਕੜ

ਅੱਕੜ-ਬੱਕੜ ਬੰਬੇ ਬੋ,
ਅੱਸੀ-ਨੱਬੇ ਪੂਰੇ ਸੌ।
ਸੌ ਗਲੋਟਾ ਤਿੱਤਰ ਮੋਟਾ,
ਚੱਲ ਮਦਾਰੀ ਪੈਸਾ ਖੋਟਾ।



# ਮੱਛਲੀ

ਮੱਛਲੀ ਜਲ ਦੀ ਰਾਣੀ ਹੈ,
ਜੀਵਨ ਇਸਦਾ ਪਾਣੀ ਹੈ।
ਹੱਥ ਲਗਾਓ ਤਾਂ ਡਰ ਜਾਏਗੀ,
ਬਾਹਰ ਨਿਕਾਲੋਗੇ ਤਾਂ ਮਰ ਜਾਏਗੀ।

